ਸਾਰਿਆਂ ਨੂੰ ਏ-ਸਵੇਇਲ (ਸ਼ੁਭ ਦਿਨ)।

ਹੈਲੋ ਅਤੇ ਵਾਪਸੀ 'ਤੇ ਜੀ ਆਇਆਂ ਨੂੰ,

ਇਕ ਸਾਲ ਪਹਿਲਾਂ ਅਸੀਂ ਆਪਣੀਆਂ ਸਾਰੀਆਂ ਕਲਾਸਾਂ ਦੀ ਦੂਰ ਤੋਂ ਪੜ੍ਹਾਈ (ਰੀਮੋਟ ਲਰਨਿੰਗ) ਦੀ ਮੁਹਿੰਮ ਸ਼ੁਰੂ ਕੀਤੀ ਸੀ। ਮੈਨੂੰ ਪਤਾ ਨਹੀਂ ਕਿ ਉਸ ਵੇਲੇ ਸਾਡੇ ਵਿੱਚੋਂ ਕੋਈ ਵੀ ਵਿਅਕਤੀ ਇਸ ਗੱਲ ਦੀ ਕਲਪਨਾ ਕਰ ਸਕਦਾ ਸੀ ਕਿ ਆਉਣ ਵਾਲਾ ਸਾਲ ਕਿਸ ਤਰ੍ਹਾਂ ਦਾ ਹੋਵੇਗਾ, ਅਤੇ ਹੁਣ ਜਦੋਂ ਅਸੀਂ ਅਜੇ ਵੀ ਮਹਾਂਮਾਰੀ ਦੇ ਵਿਚਕਾਰ ਹਾਂ, ਦੁਮੇਲ 'ਤੇ ਇਕ ਉਮੀਦ ਨਜ਼ਰ ਆ ਰਹੀ ਹੈ। ਇਹ ਉਮੀਦ ਵੈਕਸੀਨ ਦੇ ਰੂਪ ਵਿੱਚ ਹੈ, ਪਰ ਅਜੇ ਵੀ ਇਹ ਉਮੀਦ ਰੋਜ਼ਾਨਾ ਕੇਸਾਂ ਦੀ ਵੱਡੀ ਗਿਣਤੀ ਕਾਰਨ ਧੁੰਦਲੀ ਹੈ। ਅੱਜ ਦੇ ਸੁਨੇਹੇ ਦਾ ਮਕਸਦ ਤੁਹਾਨੂੰ ਸਾਡੇ ਵੱਲੋਂ ਕੀਤੇ ਜਾ ਰਹੇ ਨਵੇਂ ਉਪਾਵਾਂ, ਵੈਕਸੀਨ ਲਾਉਣ ਦੇ ਕਾਰਜ ਅਤੇ ਚਿਹਰਾ ਢਕਣ ਨਾਲ ਸੰਬੰਧਿਤ ਨਵੇਂ ਹੁਕਮ ਬਾਰੇ ਜਾਣਕਾਰੀ ਦੇਣਾ ਹੈ।

ਪਹਿਲਾਂ, ਕੀਤੇ ਜਾ ਰਹੇ ਵਾਧੂ ਉਪਾਵਾਂ ਬਾਰੇ। ਛੁੱਟੀਆਂ ਤੋਂ ਪਹਿਲਾਂ ਅਸੀਂ ਮਿੱਥ ਕੇ ਕੀਤੇ ਜਾਣ ਵਾਲੇ ਕਈ ਉਪਾਵਾਂ ਦਾ ਐਲਾਨ ਕੀਤਾ ਸੀ। ਇਹ ਉਪਾਅ ਇਸ ਗੱਲ ਨੂੰ ਯਾਦ ਕਰਵਾ ਕੇ ਸ਼ੁਰੂ ਹੁੰਦੇ ਹਨ ਕਿ ਕੰਟਰੋਲਾਂ ਦੀ ਦਰਜਾਬੰਦੀ ਕੰਮ ਕਰਦੀ ਹੈ। ਕਾਰਗਰਤਾ ਦੇ ਦਰਜੇ ਅਨੁਸਾਰ ਇਹ ਕੰਟਰੋਲ ਇਸ ਪ੍ਰਕਾਰ ਹਨ:

* ਸਰੀਰਕ ਦੂਰੀ ਦਾ ਕੋਈ ਬਦਲ ਨਹੀਂ ਹੈ। ਹਰ ਵੇਲੇ ਜਿੰਨਾ ਵੀ ਸੰਭਵ ਹੋਵੇ, ਉਸ ਹੱਦ ਤੱਕ ਸਰੀਰਕ ਦੂਰੀ ਬਣਾ ਕੇ ਰੱਖੋ।

* ਟੀਚਰੋ -ਕਿਰਪਾ ਕਰਕੇ ਆਪਣੇ ਸਿਖਲਾਈ ਦੇ ਢਾਂਚੇ ਨੂੰ ਇਸ ਤਰ੍ਹਾਂ ਤਿਆਰ ਕਰਦੇ ਰਹੋ, ਜਿਸ ਨਾਲ ਵੱਧ ਤੋਂ ਵੱਧ ਹੱਦ ਤੱਕ ਸਰੀਰਕ ਦੂਰੀ ਰੱਖੀ ਜਾ ਸਕਦੀ ਹੋਵੇ।

* ਬਾਲਗੋ- ਕਿਰਪਾ ਕਰਕੇ ਕਿਸੇ ਵੀ ਵੇਲੇ ਕਿਸੇ ਬੰਦ ਦਫਤਰ ਵਿੱਚ ਮਾਸਕਾਂ ਅਤੇ ਸਰੀਰਕ ਦੂਰੀ ਤੋਂ ਬਿਨਾਂ ਨਾ ਮਿਲੋ। ਜਿੱਥੇ ਵੀ ਸੰਭਵ ਹੋ ਸਕਦਾ ਹੋਵੇ, ਸਾਰੀਆਂ ਮੀਟਿੰਗਾਂ ਵਰਚੁਅਲ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

* ਅਸੀਂ ਜ਼ਿਲ੍ਹੇ ਦੇ ਸਟਾਫ ਦੀਆਂ ਸਕੂਲਾਂ ਦੀਆਂ ਸਾਰੀਆਂ ਫੇਰੀਆਂ ਨੂੰ ਖਤਮ ਕਰ ਰਹੇ ਹਾਂ, ਜੇ ਉਹਨਾਂ ਦਾ ਪ੍ਰਬੰਧ ਸਕੂਲ ਦੇ ਪ੍ਰਿੰਸੀਪਲ ਵੱਲੋਂ ਪਹਿਲਾਂ ਨਾ ਕੀਤਾ ਗਿਆ ਹੋਵੇ।

* ਅਸੀਂ ਮੇਨਟੀਨੈਂਸ (ਦੇਖ-ਭਾਲ) ਦੇ ਸਾਰੇ ਕੰਮ ਪੜ੍ਹਾਈ ਦੇ ਸਮੇਂ ਤੋਂ ਬਾਹਰ ਜਾਂ ਘੱਟ ਕੇਸਾਂ ਦੀ ਹੋਂਦ ਵਾਲੇ ਸਕੂਲਾਂ ਵਿੱਚ ਕਰਨ ਦਾ ਫੈਸਲਾ ਕਰ ਰਹੇ ਹਾਂ।

* ਅਸੀਂ ਟੀਚਰਾਂ ਅਤੇ ਹੋਰ ਲੋਕਾਂ ਵੱਲੋਂ ਇਕ ਕਲਾਸ ਤੋਂ ਦੂਜੀ ਕਲਾਸ ਵਿੱਚ ਜਾਣ ਨੂੰ ਖਤਮ ਕਰਨਾ ਚਾਹੁੰਦੇ ਹਾਂ, ਭਾਵੇਂ ਉਹ ਇਕ ਸਮੂਹ ਵਿੱਚ ਹੀ ਹੋਵੇ। ਇਸ ਦਾ ਮਤਲਬ ਹੈ ਕਿ ਕਿਸੇ ਖਾਸ ਵਿਸ਼ੇ ਵਿੱਚ ਮੁਹਾਰਤ ਰੱਖਣ ਵਾਲੇ ਟੀਚਰਾਂ 'ਤੇ ਉਪਰਲੇ ਇੰਟਰਮੀਡੀਏਟ ਦੀਆਂ ਕਲਾਸਾਂ ਨੂੰ ਸਾਂਝਾ ਕਰਨ ਦੇ ਅਮਲ 'ਤੇ ਰੋਕ ਲਾਉਣਾ।

* ਅਸੀਂ ਚਾਹੁੰਦੇ ਹਾਂ ਕਿ ਸਾਰੇ ਟੀਚਰ ਕੰਟਰੋਲਾਂ ਦੀ ਦਰਜਾਬੰਦੀ ਅਤੇ ਉਨ੍ਹਾਂ ਦੀ ਬੱਚਿਆਂ ਲਈ ਮਹੱਤਤਾ ਦੀ ਦੁਬਾਰਾ ਪੁਸ਼ਟੀ ਕਰਨ ਲਈ ਆਪਣੇ ਵਿਦਿਆਰਥੀਆਂ ਨੂੰ ਖਾਸ ਤੌਰ 'ਤੇ ਸਿਹਤ ਅਤੇ ਸੁਰੱਖਿਆ ਦੇ ਨਿਯਮਾਂ ਬਾਰੇ ਜਾਣਕਾਰੀ ਦੇਣ।

* ਅਸੀਂ ਮੰਗ ਕਰ ਰਹੇ ਹਾਂ ਕਿ ਸਕੂਲਾਂ ਵਿੱਚ ਕੋਈ ਵਿਜ਼ਟਰ ਨਾ ਆਵੇ, ਜਦੋਂ ਤੱਕ ਇਹ ਸਕੂਲ ਨੂੰ ਚਲਾਉਣ ਜਾਂ ਤੁਹਾਡੇ ਬੱਚੇ ਦੀ ਪੜ੍ਹਾਈ ਲਈ ਜ਼ਰੂਰੀ ਨਾ ਹੋਵੇ।

* ਅਸੀਂ ਚਾਹੁੰਦੇ ਹਾਂ ਕਿ ਸਕੂਲ ਖਤਮ ਹੋਣ 'ਤੇ ਸਾਰੇ ਵਿਦਿਆਰਥੀ ਅਤੇ ਮਾਪੇ ਸਕੂਲ ਦੀ ਗਰਾਊਂਡ ਤੋਂ ਬਾਹਰ ਚਲੇ ਜਾਣ।

* ਅਸੀਂ ਸੰਪਰਕ ਘਟਾਉਣ ਦੇ ਇਕ ਢੰਗ ਵੱਜੋਂ ਖੇਡਣ ਦੇ ਇਲਾਕਿਆਂ ਅਤੇ ਲੰਚ ਲਈ ਵੱਖ ਵੱਖ ਸਮੇਂ ਕਰਨ ਦਾ ਪ੍ਰਬੰਧ ਕਰਾਂਗੇ।

Surrey Schools
LEADERSHIP IN LEARNING

* ਅਸੀਂ ਸਟਾਫ ਦੇ ਸਾਰੇ ਮੈਂਬਰਾਂ ਨੂੰ ਹਮੇਸ਼ਾਂ ਹੀ ਬ੍ਰੇਕ ਦੇ ਸਮੇਂ ਦੌਰਾਨ ਸਰੀਰਕ ਦੂਰੀ ਰੱਖੇ ਬਗੈਰ ਅਤੇ ਮਾਸਕ ਪਹਿਨਣ ਤੋਂ ਬਿਨਾਂ ਗੈਰ-ਰਸਮੀ ਤੌਰ 'ਤੇ ਇਕੱਠੇ ਨਾ ਹੋਣ ਦੀ ਮਹੱਤਤਾ ਯਾਦ ਕਰਵਾਉਣਾ ਚਾਹੁੰਦੇ ਹਾਂ।

* ਅਸੀਂ ਐਲੀਮੈਂਟਰੀ ਸਕੂਲ ਲੱਗਣ ਦੇ ਸਮੇਂ ਵਿੱਚ ਦੇਰੀ ਕਰਨ ਦੀ ਸੰਭਾਵਨਾ 'ਤੇ ਗੌਰ ਕਰ ਰਹੇ ਹਾਂ ਤਾਂ ਕਿ ਟੀਚਰਾਂ ਨੂੰ ਤਿਆਰੀ ਲਈ ਆਮ ਸਮਾਂ ਮਿਲ ਸਕੇ, ਕਿਉਂਕਿ ਇਸ ਨਾਲ ਟੀਚਰਾਂ ਵੱਲੋਂ ਇਕ ਸਮੂਹ ਤੋਂ ਦੂਜੇ ਸਮੂਹ ਵਿੱਚ ਜਾਣ ਦੀ ਲੋੜ ਖਤਮ ਹੋ ਜਾਵੇਗੀ।

* ਬਿਲਡਿੰਗਾਂ ਵਿੱਚ ਬਾਲਗਾਂ ਵਿਚਕਾਰ ਸੰਪਰਕ ਘਟਾਉਣ ਦੇ ਇਕ ਢੰਗ ਵੱਜੋਂ ਅਸੀਂ ਸਟਰੌਂਗ-ਸਟਾਰਟ ਪ੍ਰੋਗਰਾਮ ਨੂੰ ਆਨਲਾਈਨ ਕਰਨ ਬਾਰੇ ਸੋਚ ਰਹੇ ਹਾਂ।

* ਅਸੀਂ ਸਟਾਫ ਦੇ ਮੈਂਬਰਾਂ ਨੂੰ ਆਪਣੀਆਂ ਸਿਹਤ ਅਤੇ ਸੁਰੱਖਿਆ ਦੀਆਂ ਯੋਜਨਾਵਾਂ ਦਾ ਰੀਵੀਊ ਕਰਨ ਅਤੇ ਉਸ ਬਾਰੇ ਕੋਈ ਵੀ ਸਿਫਾਰਿਸ਼ਾਂ ਜਾਂ ਤਬਦੀਲੀਆਂ ਕਰਨ ਲਈ ਸਮਾਂ ਦੇਣ ਲਈ 3 ਦਿਨਾਂ ਨੂੰ ਪਹਿਲਾਂ ਛੁੱਟੀ ਕਰਨ ਦਾ ਪ੍ਰਬੰਧ ਕਰ ਰਹੇ ਹਾਂ; ਅਤੇ

* ਅਤੇ ਅੱਜ ਤੋਂ, ਅਸੀਂ ਚੀਫ ਮੈਡੀਕਲ ਅਫਸਰ ਦਾ ਨਵਾਂ ਹੁਕਮ ਲਾਗੂ ਕਰਾਂਗੇ, ਜਿਹੜਾ ਕੇ-12 ਦੇ ਸਾਰੇ ਸਟਾਫ ਤੋਂ ਸਕੂਲ ਵਿੱਚ ਹੋਣ ਦੇ ਸਮੇਂ ਦੌਰਾਨ ਹਰ ਵੇਲੇ ਮਾਸਕ ਪਾਉਣ ਦੀ ਮੰਗ ਕਰਦਾ ਹੈ।

* ਇਹ ਹੁਕਮ ਗਰੇਡ 4-12 ਦੇ ਸਾਰੇ ਵਿਦਿਆਰਥੀਆਂ ਤੋਂ ਵੀ ਸਕੂਲ ਵਿੱਚ ਹੋਣ ਦੇ ਸਮੇਂ ਦੌਰਾਨ ਹਰ ਸਮੇਂ ਮਾਸਕ ਪਾਉਣ ਦੀ ਮੰਗ ਕਰਦਾ ਹੈ।

* ਅੰਤ ਵਿੱਚ ਇਹ ਹੁਕਮ ਕਿੰਡਰਗਾਰਟਨ ਤੋਂ ਗਰੇਡ 3 ਤੱਕ ਦੇ ਸਾਰੇ ਵਿਦਿਆਰਥੀਆਂ ਵੱਲੋਂ ਮਾਸਕ ਪਾਏ ਜਾਣ ਦੀ ਜ਼ੋਰਦਾਰ ਸਿਫਾਰਿਸ਼ ਕਰਦਾ ਹੈ ਅਤੇ ਉਨ੍ਹਾਂ ਨੂੰ ਅਜਿਹਾ ਕਰਨ ਲਈ ਉਤਸ਼ਾਹਿਤ ਕਰਦਾ ਹੈ।

ਨਿਰਸੰਦੇਹ, ਮਾਸਕ ਪਹਿਨਣ ਦੇ ਹੁਕਮ ਵਿੱਚ ਕੁੱਝ ਛੋਟਾਂ ਵੀ ਹਨ। ਇਹ ਛੋਟਾਂ ਇਸ ਪ੍ਰਕਾਰ ਹਨ:

* ਜੇ ਲੋਕ ਸਿਹਤ ਜਾਂ ਮੈਡੀਕਲ ਨਾਲ ਸੰਬੰਧਿਤ ਕਿਸੇ ਖਾਸ ਸਥਿਤੀ ਕਾਰਨ ਮਾਸਕ ਪਹਿਨਣ ਦੇ ਯੋਗ ਨਾ ਹੋਣ;

* ਜੇ ਲੋਕ ਚਿਹਰੇ ਨੂੰ ਢਕਣ ਵਾਲੀ ਚੀਜ਼ ਨੂੰ ਕਿਸੇ ਹੋਰ ਦੀ ਮਦਦ ਤੋਂ ਬਿਨਾਂ ਪਾ ਜਾਂ ਲਾਹ ਨਾ ਸਕਦੇ ਹੋਣ;

* ਜੇ ਟੀਚਰ ਜਾਂ ਇਨਸਟਰਕਟਰ ਦੂਜਿਆਂ ਤੋਂ 2 ਮੀਟਰ ਦੀ ਦੂਰੀ ਤੋਂ ਸਿੱਧੀ ਪੜ੍ਹਾਈ ਕਰਵਾ ਰਹੇ ਹੋਣ;

* ਖਾਣਾ ਖਾਣ ਜਾਂ ਪੀਣ ਸਮੇਂ; ਜਾਂ

* ਅਜਿਹੇ ਵਿਅਕਤੀ ਨਾਲ ਸੰਚਾਰ ਕਰਦੇ ਸਮੇਂ ਜਿਸ ਨੂੰ ਸੁਣਨ ਵਿੱਚ ਮੁਸ਼ਕਿਲ ਆਉਂਦੀ ਹੈ।

ਇਹ ਉਪਾਵਾਂ ਦੀ ਇਕ ਲੰਮੀ ਸੂਚੀ ਹੈ ਅਤੇ ਇਕ ਵਾਰ ਫਿਰ, ਇਹ ਸਾਰਾ ਪੈਕਜ ਹੈ।

ਉਪਰਲੇ ਪੈਕਜ ਤੋਂ ਬਿਨਾਂ ਅਸੀਂ ਆਪਣੇ ਸਕੂਲਾਂ ਵਿਚਲੇ ਸਾਰੇ ਸਟਾਫ ਮੈਂਬਰਾਂ ਦੇ ਵੈਕਸੀਨ ਲਗਾਏ ਜਾਣ ਬਾਰੇ ਬਹੁਤ ਉਤਸ਼ਾਹ ਵਿੱਚ ਹਾਂ। ਅਸੀਂ ਇਹ ਵੀ ਜਾਣਦੇ ਹਾਂ ਕਿ ਸਾਡੇ ਗਰਾਊਂਡ ਅਤੇ ਮੇਨਟੀਨੈਂਸ ਜਾਂ ਆਈ ਟੀ ਜਾਂ ਜ਼ਿਲ੍ਹੇ ਵਿਚਲੇ ਸਟਾਫ ਦੇ ਮੈਂਬਰਾਂ ਵਿੱਚ ਬਹੁਤ ਸਾਰੇ ਹੋਰ ਲੋਕ ਹਨ, ਜਿਨ੍ਹਾਂ ਨੂੰ ਵੀ ਵੈਕਸੀਨ ਲਗਾਏ ਜਾਣ ਦੀ ਲੋੜ ਹੈ। ਅਸੀਂ ਹਰ ਇਕ ਦੇ ਵੈਕਸੀਨ ਲਗਵਾਉਣ ਲਈ ਫਰੇਜ਼ਰ ਹੈਲਥ ਨਾਲ ਰੱਲ ਕੇ ਕੰਮ ਕਰਨਾ ਜਾਰੀ ਰੱਖ ਰਹੇ ਹਾਂ, ਅਤੇ ਡਾ: ਬੌਨੀ ਹੈਨਰੀ ਨੇ ਕਿਹਾ ਹੈ ਕੇ-12 ਦਾ ਸਾਰਾ ਸੈਕਟਰ ਇਕ ਪਹਿਲ ਅਧੀਨ ਹੈ। ਸਾਨੂੰ ਉਮੀਦ ਹੈ ਕਿ ਬਹੁਤ ਛੇਤੀ, ਸਾਰੇ ਸਰੀ ਅਤੇ ਬੀ ਸੀ ਵਿਚਲੇ ਸਾਰਿਆਂ ਜ਼ਿਲ੍ਹਿਆਂ ਵਿੱਚ ਵੈਕਸੀਨ ਲੱਗ ਜਾਣਗੇ।

ਇਕ ਸਾਲ ਪਹਿਲਾਂ ਬੱਚੇ ਸਕੂਲਾਂ ਵਿੱਚ ਨਹੀਂ ਸਨ। ਮੈਂ ਵਿਸ਼ਵਾਸ ਕਰਦਾ ਹਾਂ ਕਿ ਬੱਚਿਆਂ ਨੂੰ ਸਕੂਲ ਵਿੱਚ ਰੱਖਣਾ, ਜਿੱਥੇ ਉਹ ਹੋਣੇ ਚਾਹੀਦੇ ਹਨ, ਸਾਡੀ ਸਿਖਰਲੀ ਪਹਿਲ ਹੈ। ਇਹ ਮਹਾਂਮਾਰੀ ਨਾਲ ਲੜਨ ਅਤੇ ਆਪਣੇ ਸਮਾਜ ਨੂੰ ਪੜ੍ਹਾਈ ਤੋਂ ਲੈ ਕੇ ਸਮਾਜਕ ਮੇਲਜੋਲ ਤੱਕ ਅਤੇ ਖ਼ੁਰਾਕ ਤੋਂ ਮਾਨਸਿਕ ਸਿਹਤ ਵਿੱਚ ਸਮਰਥਨ ਦੇਣ ਤੱਕ ਸਕੂਲਾਂ ਵੱਲੋਂ ਸਮਾਜ ਨੂੰ ਦਿੱਤੀਆਂ ਜਾਂਦੀਆਂ ਸਾਰੀਆਂ ਸੇਵਾਵਾਂ ਵਿੱਚਕਾਰ ਇਕ ਸੰਤੁਲਨ ਰੱਖਣਾ ਹੈ।

ਜੇ ਅਸੀਂ ਸਾਰੇ ਉਪਾਅ ਕਰਦੇ ਰਹੇ, ਜੇ ਸਾਡੇ ਛੇਤੀ ਵੈਕਸੀਨ ਲੱਗ ਜਾਣ ਅਤੇ ਅਸੀਂ ਸਾਰੇ ਚੌਕਸ ਰਹੀਏ, ਤਾਂ ਮੈਨੂੰ ਕੋਈ ਸ਼ੱਕ ਨਹੀਂ ਕਿ ਅਸੀਂ ਇਸ ਸਭ ਕੁਝ ਤੋਂ ਪਾਰ ਲੰਘ ਜਾਵਾਂਗੇ।

ਸਪਰਿੰਗ ਬ੍ਰੇਕ ਦੇ ਮੁੱਕਣ ਤੋਂ ਬਾਅਦ, ਹੁਣ ਜੂਨ ਨਜ਼ਰ ਆ ਰਿਹਾ ਹੈ। ਨਿੱਘੇ ਮੌਸਮ ਦਾ ਮਤਲਬ ਹੈ ਕਿ ਬਾਹਰੀ ਸਰਗਰਮੀਆਂ ਤੱਕ ਹੋਰ ਪਹੁੰਚ। ਅਸੀਂ ਜੋ ਕੁੱਝ ਕਰ ਰਹੇ ਹਾਂ ਇਹ ਉਸ ਨੂੰ ਨਵਿਆਉਣ ਅਤੇ ਉਸ ਬਾਰੇ ਆਸ਼ਾਵਾਦੀ ਹੋਣ ਦਾ ਸਮਾਂ ਹੈ। ਇਹ ਆਸ਼ਾ ਉਸ ਸਭ ਕੁਝ ਨੂੰ ਦੁੱਗਣਾ ਜ਼ੋਰ ਲਾ ਕੇ ਕਰਨ ਨਾਲ ਆਉਂਦੀ ਹੈ, ਜਿਸ ਬਾਰੇ ਸਾਨੂੰ ਪਤਾ ਹੈ ਕਿ ਉਹ ਕੰਮ ਕਰਦਾ ਹੈ। ਹਰ ਰੋਜ਼ ਹੋਰ ਲੋਕਾਂ ਦੇ ਵੈਕਸੀਨ ਲੱਗ ਰਹੇ ਹਨ ਅਤੇ ਇਹ ਆਸ ਵੱਧ ਰਹੀ ਹੈ ਕਿ ਇਸ ਸਮੇਂ ਦਾ ਅੰਤ ਹੋਵੇਗਾ।

ਆਉ ਆਸ ਕਰੀਏ ਕਿ ਜੂਨ ਤੱਕ ਅਸੀਂ ਉਨ੍ਹਾਂ ਗਰਮੀਆਂ ਵੱਲ ਦੇਖ ਸਕਾਂਗੇ ਜਿਹੜੀਆਂ ਥੋੜ੍ਹੀਆਂ ਜ਼ਿਆਦਾ ਨਾਰਮਲ ਲੱਗਣਗੀਆਂ ਅਤੇ ਅਜਿਹੇ ਸਤੰਬਰ ਵੱਲ ਦੇਖ ਸਕਾਂਗੇ ਜਦੋਂ ਅਸੀਂ ਕੋਵਿਡ ਨੂੰ ਇਕ ਪਿੱਛੇ ਰਹਿ ਗਈ ਘਟਨਾ ਦੇ ਤੌਰ 'ਤੇ ਦੇਖਣਾ ਸ਼ੁਰੂ ਕਰ ਸਕਾਂਗੇ।

ਹਾਈਚਕੇ (ਫਸਟ ਨੇਸ਼ਨਜ਼ ਗ੍ਰੀਟਿੰਗਜ਼)